# ANGEL'S PUBLIC SCHOOL

Strive for Perfection

# SAMPLE PAPER

**PERIODIC TEST – I SESSION 2025 - 26**

**CLASS – X**

**TIME : 1 hr. : 30 min.** **SUBJECT – PUNJABI** **M.M = 40**

**ਨੋਟ :- ਸਾਰੇ ਪ੍ਰਸ਼ਨ ਜਰੂਰੀ ਹਨ ।**

**ਲਿਖਾਈ ਸਾਫ਼ - ਸੁਥਰੀ ਕਰੋ ।**

**ਭਾਗ - ੳ (ਪੜ੍ਹਨ - ਕੌਸ਼ਲ)** **(10)**

**(ੳ) ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ ।** (5)

ਪ੍ਰਸਿੱਧ ਨਾਵਲਕਾਰ ਮੁਨਸ਼ੀ ਪ੍ਰੇਮ ਚੰਦ ਦੇ ਨਾਵਲਾਂ ਤੋਂ ਪ੍ਰੇਰਣਾ ਲੈ ਕੇ ਨਾਨਕ ਸਿੰਘ ਨੇ ਲਿਖਣਾ ਸ਼ੁਰੂ ਕੀਤਾ ਸੀ। ਪ੍ਰੇਮ ਚੰਦ ਆਪ ਵੀ ਸਮਾਜ ਤੋਂ ਪ੍ਰਭਾਵਿਤ ਹੋ ਕੇ ਨਾਵਲ ਲਿਖਦਾ ਸੀ ਅਤੇ ਉਸਦੇ ਨਾਵਲਾਂ ਵਿੱਚ ਸਮਾਜ ਦੀ ਜੋ ਯਥਾਰਥਕ ਤਸਵੀਰ ਮਿਲਦੀ ਹੈ, ਉਸਦਾ ਕੋਈ ਮੁਕਾਬਲਾ ਨਹੀਂ। ਪ੍ਰੇਮ ਚੰਦ ਅਨੁਸਾਰ, "ਸਾਹਿਤ ਸਾਡੇ ਜੀਵਨ ਨੂੰ ਸੁਭਾਵਿਕ ਅਤੇ ਸੁੰਦਰ ਬਣਾਉਂਦਾ ਹੈ।" ਦੂਸਰੇ ਸ਼ਬਦਾਂ ਵਿੱਚ, ਸਾਹਿਤ ਨਾਲ ਮਨ ਦੀ ਉੱਚਤਾ ਪ੍ਰਾਪਤ ਹੁੰਦੀ ਹੈ, ਇਹ ਹੀ ਉਸਦਾ ਮੁੱਖ ਉਦੇਸ਼ ਹੈ। ਸਾਹਿਤ ਵਿੱਚ ਜੀਵਨ ਨੂੰ ਪ੍ਰਗਤੀਸ਼ੀਲ ਬਣਾਉਣ ਲਈ ਮਧੁਰ ਅਤੇ ਕਲਾਮਈ ਢੰਗ ਨਾਲ ਯਤਨ ਕਰਨੇ ਪੈਂਦੇ ਹਨ। ਲੇਖਕ ਸਮਾਜ ਦਾ ਮਾਰਗ-ਨਿਰਦੇਸ਼ਤ ਕਰਦੇ ਹੋਏ ਉਸ ਦੀ ਪ੍ਰਾਪਤੀ ਸੂਖਮ ਚਿੰਨ੍ਹਾਂ ਦੁਆਰਾ ਸਾਹਿਤ ਵਿੱਚ ਰਚਨਾ ਕਰਦਾ ਹੈ। ਸਾਹਿਤਕਾਰ ਜਨ-ਕਲਿਆਣ ਦੀ ਭਾਵਨਾ ਨੂੰ ਸਭ ਤੋਂ ਵੱਧ ਮਹੱਤਵ ਦਿੰਦਾ ਹੈ। ਸਾਹਿਤਕਾਰ ਸਮਕਾਲੀ ਪਰਿਸਥਿਤੀਆਂ ਦਾ ਅਧਿਐਨ ਕਰਦਾ ਹੋਇਆ ਉਨ੍ਹਾਂ ਨੂੰ ਆਪਣੀ ਰਚਨਾ ਦਾ ਆਧਾਰ ਬਣਾਉਂਦਾ ਹੈ। ਨਾਨਕ ਸਿੰਘ ਦੇ ਸਮੇਂ ਅਨੁਸਾਰ ਸਮਾਜ ਵਿਚ ਜੋ ਪਰਿਵਰਤਨ ਆਏ, ਉਨ੍ਹਾਂ ਦਾ ਪ੍ਰਗਟਾਵਾ ਆਪਣੇ ਨਾਵਲਾਂ ਵਿੱਚ ਕੀਤਾ ਹੈ। ਜੇ ਅਸੀਂ ਇਹ ਕਹੀਏ ਕਿ ਨਾਨਕ ਸਿੰਘ ਦੇ ਨਾਵਲਾਂ ਵਿੱਚ ਪੰਜਾਬ ਦਾ ਪਿਛਲੇ 50 ਸਾਲਾਂ ਦਾ ਇਤਿਹਾਸ ਸਮੋਇਆ ਹੋਇਆ ਹੈ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਕੁਝ ਆਲੋਚਕ ਨਾਨਕ ਸਿੰਘ ਨੂੰ 'ਕਲਾ ਕਲਾ ਲਈ' ਦਾ ਪੁਜਾਰੀ ਕਹਿੰਦੇ ਹੋਏ ਇਹ ਦਲੀਲ ਦਿੰਦੇ ਹਨ ਕਿ ਉਸ ਦੇ ਨਾਵਲਾਂ ਵਿੱਚ ਰਸ ਪ੍ਰਧਾਨ ਹੈ। ਇਸ ਲਈ ਉਹ ਸਮਾਜ ਦੀ ਸਹੀ ਤਸਵੀਰ ਪੇਸ਼ ਨਹੀਂ ਕਰ ਸਕਿਆ। ਦਰਅਸਲ ਨਾਨਕ ਸਿੰਘ ਦੀ ਪ੍ਰਤਿਭਾ ਦਾ ਨਾਵਲਕਾਰ ਕਦੇ ਵੀ ਸਮਾਜ ਤੋਂ ਨਿਖੇੜਿਆ ਨਹੀਂ ਜਾ ਸਕਦਾ।

**(i) ਨਾਨਕ ਸਿੰਘ ਨੇ ਕਿਨ੍ਹਾਂ ਤੋਂ ਪ੍ਰੇਰਣਾ ਲੈ ਕੇ ਲਿਖਣਾ ਸ਼ੁਰੂ ਕੀਤਾ ?**

(A) ਸ਼ਿਵ ਕੁਮਾਰ ਬਟਾਲਵੀ (B) ਨੰਦ ਲਾਲ ਨੂਰਪੁਰੀ

(C) ਦਰਸ਼ਨ ਸਿੰਘ ਆਸ਼ਟ (D) ਮੁਨਸ਼ੀ ਪ੍ਰੇਮ ਚੰਦ

**(ii) ਮੁਨਸ਼ੀ ਪ੍ਰੇਮ ਚੰਦ ਅਨੁਸਾਰ ਕਿਸ ਨਾਲ ਮਨ ਦੀ ਉੱਚਤਾ ਪ੍ਰਾਪਤ ਹੁੰਦੀ ਹੈ ?**

(A) ਮਿਹਨਤ (B) ਸਾਹਿਤ (C) ਇਮਾਨਦਾਰੀ (D) ਸਿੱਖਿਆ

**(iii) ਸਾਹਿਤ ਵਿੱਚ ਜੀਵਨ ਨੂੰ ਪ੍ਰਗਤੀਸ਼ੀਲ ਬਣਾਉਣ ਲਈ ਕਿਸ ਢੰਗ ਨਾਲ ਯਤਨ ਕਰਨੇ ਪੈਂਦੇ ਹਨ ?**

(A) ਮਧੁਰ (B) ਕਲਾਮਈ

(C) (A) ਅਤੇ (B) ਦੋਵੇਂ (D) ਇਨ੍ਹਾਂ ਵਿੱਚੋਂ ਕੋਈ ਨਹੀਂ

**(iv) ਕੌਣ ਜਨ-ਕਲਿਆਣ ਦੀ ਭਾਵਨਾ ਨੂੰ ਸਭ ਤੋਂ ਵੱਧ ਮਹੱਤਵ ਦਿੰਦਾ ਹੈ ?**

(A) ਸੰਗੀਤਕਾਰ (B) ਸਾਹਿਤਕਾਰ

(C) ਸ਼ਿਲਪਕਾਰ (D) ਇਨ੍ਹਾਂ ਵਿੱਚੋਂ ਕੋਈ ਨਹੀਂ

**(v) ਨਾਨਕ ਸਿੰਘ ਦੇ ਨਾਵਲਾਂ ਵਿੱਚ ਕਿੱਥੋਂ ਦੇ ਪਿਛਲੇ 50 ਸਾਲਾਂ ਦਾ ਇਤਿਹਾਸ ਸਮੋਇਆ ਹੋਇਆ ਹੈ ?**

(A) ਬ੍ਰਿਟੇਨ (B) ਭਾਰਤ (C) ਅਮਰੀਕਾ (D) ਪੰਜਾਬ

**(vi) ਪੈਰੇ ਵਿੱਚ ਕਿਸ ਸ਼ਬਦ ਦਾ ਅਰਥ ਹੈ 'ਬਦਲਾਅ' ?**

(A) ਪ੍ਰਗਟਾਵਾ (B) ਪਰਿਵਰਤਨ (C) ਪ੍ਰਸਥਿਤੀ (D) ਨਿਰਦੇਸ਼

**(ਅ) ਹੇਠ ਲਿਖੀ ਕਾਵਿ - ਟੁਕੜੀ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :-** (5)

'ਜਲ੍ਹਿਆਂਵਾਲੇ' ਬਾਗ਼ ਤੇਰੇ ਦੀ,
ਅੱਜ ਵੀ ਅਮਰ ਕਹਾਣੀ,
'ਕਾਮਾਗਾਟਾ ਮਾਰੂ' ਤੇਰੇ ਅੱਗ ਲਾਈ ਵਿੱਚ ਪਾਣੀ।
ਚੰਡੀ ਬਣ ਕੇ ਰਣ ਵਿੱਚ ਜੂਝੀ,
ਤੇਰੀ ਝਾਂਸੀ ਰਾਣੀ।
ਜੈ ਭਾਰਤ, ਜੈ ਭਾਰਤ ਮਾਤਾ।

(i) ਕਿਸ ਦੀ ਅੱਜ ਵੀ ਅਮਰ ਕਹਾਣੀ ਹੈ ?
(ii) 'ਰਣ' ਅਤੇ 'ਚੰਡੀ' ਸ਼ਬਦਾਂ ਦੇ ਅਰਥ ਲਿਖੋ।
(iii) ਰਣ ਦੇ ਮੈਦਾਨ ਵਿੱਚ ਚੰਡੀ ਬਣ ਕੇ ਕੌਣ ਲੜੀ ?
(iv) 'ਕਾਮਾਗਾਟਾ ਮਾਰੂ' ਕੀ ਸੀ ?

## ਭਾਗ - ਅ (ਵਿਆਕਰਨ) (15)

**(ੳ) ਕਿਰਿਆ ਵਿਸ਼ੇਸ਼ਣ ਨਾਲ਼ ਸੰਬੰਧਿਤ ਬਹੁ - ਵਿਕਲਪੀ ਪ੍ਰਸ਼ਨਾਂ ਵਿੱਚੋਂ ਕੋਈ ਚਾਰ ਕਰੋ :-** (4x1=4)

**(1)** ਹੇਠ ਲਿਖਿਆ ਵਿੱਚੋਂ ਗਿਣਤੀ ਵਾਚਕ ਕਿਰਿਆ ਵਿਸ਼ੇਸ਼ਣ ਚੁਣੋ
(ੳ) ਤੇਜ਼ - ਤੇਜ਼ (ਅ) ਵੇਲੇ - ਕੁਵੇਲ਼ੇ (ੲ) ਚੌਥਾ,ਥੋੜਾ, ਵੱਧ (ਸ) ਘੜੀ - ਮੁੜੀ

**(2)** ਕਿਰਿਆਂ ਵਿਸ਼ੇਸ਼ਣ ਕਿੰਨੀ ਪ੍ਰਕਾਰ ਦੇ ਹੁੰਦੇ ਹਨ ?
(ੳ) ਛੇ (ਅ) ਸੱਤ (ੲ) ਅੱਠ (ਸ) ਚਾਰ

**(3)** ਇਸ ਲਈ ਸ਼ਬਦ ਕਿਰਿਆ ਵਿਸ਼ੇਸ਼ਣ ਦੀ ਕਿਹੜੀ ਵੰਨਗੀ ਹੈ ?
(ੳ) ਕਾਰਨ ਵਾਚਕ (ਅ) ਕਾਲ ਵਾਚਕ (ੲ) ਨਿਰਣਾ ਵਾਚਕ (ਸ) ਗਿਣਤੀ ਵਾਚਕ

**(4)** ਉਹ ਬੜਾ ਆਲਸੀ ਹੈ ਵਾਕ ਵਿੱਚੋਂ ਕਿਰਿਆ ਵਿਸ਼ੇਸ਼ਣ ਚੁਣੋ :-
(ੳ) ਦੌੜਦਾ (ਅ) ਆਲਸੀ (ੲ) ਉਹ (ਸ) ਬੜਾ

**(5) ਕਿਰਿਆ ਦੀ ਗਿਣਤੀ ਜਾਂ ਮਿਕਦਾਰ ਦਰਸਾਉਣ ਵਾਲੇ ਕਿਰਿਆ - ਵਿਸ਼ੇਸ਼ਣ ਦਾ ਨਾਂ ਦੱਸੋ ।**
**(ੳ)** ਪਰਿਮਾਣ - ਵਾਚਕ **(ਅ)** ਗਿਣਤੀ - ਵਾਚਕ **(ੲ)** ਕਾਰਨ - ਵਾਚਕ **(ਸ)** ਤਾਕੀਦ - ਵਾਚਕ

**(ੲ) ਹੇਠ ਲਿਖੇ ਮੁਹਾਵਰਿਆਂ ਦੇ ਅਰਥ ਸਹਿਤ ਵਾਕ ਬਣਾਓ :- (ਕੋਈ ਚਾਰ ਕਰੋ)** (4x1=4)

**(1)** ਕਾਇਆ ਪਲਟ ਦੇਣਾ **(2)** ਖੁੰਬ ਠੱਪਣੀ **(3)** ਕੱਖ - ਭੰਨ ਦੇ ਦੂਹਰਾ ਨਾ ਕਰਨਾ
**(4)** ਖਾਤਰ ਕਰਨੀ **(5)** ਕੌੜਾਘੁਟ ਭਰਨਾ

**(ਸ) ਸਮਾਸੀ ਸ਼ਬਦਾਂ ਨਾਲ਼ ਸੰਬੰਧਿਤ ਬਹੁ - ਵਿਕਲਪੀ ਪ੍ਰਸ਼ਨ :-** (1/2x4=2)

**(1)** ਹੇਠ ਲਿਖਿਆਂ ਵਿੱਚੋਂ ਸਹੀ ਸਮਾਸੀ ਸ਼ਬਦ ਕਿਹੜਾ ਹੈ ?
(1) ਨਵੀ - ਟੈਂਕੀ (2) ਉੱਚੀ - ਉੱਚੀ (3) ਹਜ਼ਾਰ - ਲੀਟਰ (4) ਕਾਫ਼ੀ

**(2)** ਜੰਞ ਅਤੇ ਘਰ ਤੋਂ ਕਿਹੜਾ ਸਮਾਸੀ ਸ਼ਬਦ ਬਣੇਗਾ ।
(1) ਜੰਞ ਵਾਲਾ ਘਰ (2) ਜੰਞ ਦਾ ਘਰ (3) ਜੰਞ - ਘਰ (4) ਜੰਞ ਘਰ

**(3)** ਸਮਾਸੀ ਸ਼ਬਦ ਕਿਹੜਾ ਹੈ ?
(1) ਕਾਰ (2) ਸਰਮੋਂ (3) ਆਈ (4) ਕਾਰ - ਵਿਹਾਰ

**(4)** ਊਟ ____________ ਸਮਾਸੀ ਸ਼ਬਦ ਭਰੋ ।

(1) ਜਲੂਲ (2) ਸੁੰਘ (3) ਪਟਾਂਗ (4) ਮਟੋਲ

**<u>(ਪ੍ਰਭਾਵਸ਼ਾਲੀ ਲਿਖਣ ਕੌਸ਼ਲ)</u>** **(5)**

**(ੳ) ਭਰੂਣ ਹੱਤਿਆ ਜਾਂ ਮੰਨ ਜੀਤੇ ਜਗ ਜੀਤੇ ਲੇਖ ਲਿਖੋ ।** **(5)**

**ਨੁਕਤੇ :-** (1) ਭੂਮਿਕਾ (2) ਭਰੂਣ ਹੱਤਿਆ ਤੋਂ ਭਾਵ (3) ਮਸ਼ੀਨਾ ਦੀ ਦੁਵਰਤੋਂ
(4) ਮਰਦ - ਪ੍ਰਧਾਨ ਸਮਾਜ ਦੀ ਦੇਣ (5) ਸੰਤੁਲਨ ਵਿੱਚ ਵਿਗਾੜ (6) ਵਿਰੋਧਾਭਾਸ਼
(7) ਅਜੋਕੀ ਸਥਿਤੀ (8) ਭਰੂਣ ਹੱਤਿਆ ਨੂੰ ਰੋਕਿਆ ਜਾਵੇ (9) ਸਾਂਰਾਸ

**ਨੁਕਤੇ :-** (1) ਭੂਮਿਕਾ (2) ਮਨ ਦੇ ਭਾਵ (3) ਜਨਮ ਤੋਂ ਸੁੱਖ ਦੀ ਇੱਛਾ
(4) ਜਗ ਨੂੰ ਮਨ ਅਨੁਕੂਲ ਕਰਨਾ (5) ਮਨ ਜਿੱਤਣ ਦੀ ਲੋੜ (6) ਮਨ ਨੂੰ ਕਿਵੇਂ ਜਿੱਤਿਆ ਜਾਵੇ
(7) ਮਨ ਦੀ ਜਿੱਤ ਮੁਸ਼ਕਲ ਘਾਟੀ, ਸਨ ਦੇ ਜੇਤੂ (8) ਸਾਰਾਂਸ

**<u>ਭਾਗ - ੲ</u> (ਪਾਠ - ਪੁਸਤਕ)** **(15)**

**(ੳ) ਪਾਠ- ਪੁਸਤਕ ਤੇ ਅਧਾਰਿਤ ਬਹੁ - ਵਿਕਲਪੀ ਪ੍ਰਸ਼ਨਾਂ ਦੇ ਉਤਰ ਇੱਕ ਸ਼ਬਦ ਵਿੱਚ ਚੁਣ ਕੇ ਲਿਖੋ ।** **(1/2x4=2)**

**(1)** ਸ੍ਰੀ ਗੁਰੂ ਅਮਰਦਾਸ ਜੀ ਸਿੱਖਾਂ ਦੇ ਕਿੰਨਵੇ ਗੁਰੂ ਸੀ ?
(ੳ) ਪਹਿਲੇ (ਅ) ਦੂਸਰੇ (ੲ) ਤੀਸਰੇ (ਸ) ਪੰਜਵੇ

**(2)** ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹੜੇ ਧਰਮ ਦੀ ਨੀਹ ਰੱਖੀ ?
(ੳ) ਹਿੰਦੂ (ਅ) ਸਿੱਖ (ੲ) ਇਸਾਈ (ਸ) ਕੋਈ ਵੀ ਨਹੀ

**(3)** ਬੋਲੀ ਲੇਖ ਕਿਸਦੀ ਰਚਨਾ ਹੈ ?
(ੳ) ਉੱਤਮ ਸਿੰਘ (ਅ) ਸ੍ਰ ਗੁਰਬਖ਼ਸ਼ ਸਿੰਘ (ੲ) ਭਾਈ ਵੀਰ ਸਿੰਘ (ਸ) ਸੂਬਾ ਸਿੰਘ

**(4)** ਮਨੁੱਖ ਦਾ ਆਚਰਨ ਬਣਦਾ ਹੈ ।
(ੳ) ਸਕੂਲ ਤੋਂ (ਅ) ਘਰ ਤੋਂ (ੲ) ਬਾਹਰ ਤੋਂ (ਸ) ਹੋਟਲ ਤੋਂ

**(ਅ) ਹੇਠ ਲਿਖੇ ਪ੍ਰਸ਼ਨਾ ਦੇ ਉਤਰ ਇੱਕ ਸ਼ਬਦ ਵਿੱਚ ਦਿਓ ।** **(1/2x4=2)**

**(1)** ਬੋਲੀ ਕੀ ਹੈ ?
**(2)** ਘਰ ਦਾ ਪਿਆਰ ਲੇਖ ਦੀ ਰਚਨਾ ਕਿਸਨੇ ਕੀਤੀ ?
**(3)** ਕੁਲਫ਼ੀ ਕਹਾਣੀ ਦਾ ਮੁੱਖ ਪਾਤਰ ਕੌਣ ਹੈ ?
**(4)** ਸ਼ਾਹਾਂ ਦਾ ਮੁੰਡਾ ਕਿੱਥੇ ਡਿੱਗ ਗਿਆ ?

**(ੲ) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ (25 ਤੋ 30) ਸ਼ਬਦਾਂ ਵਿੱਚ ਦਿਓ :-** **(2x3=6)**

**(1)** ਬੋਲੀ ਦਾ ਖ਼ਜਾਨਾ ਕਿੱਥੋਂ ਜੁੜਨਾ ਸ਼ੁਰੂ ਹੋ ਜਾਂਦਾ ਹੈ ?
**(2)** ਘਰ ਦੇ ਪਿਆਰ ਲੇਖ ਦਾ ਕੀ ਉਦੇਸ਼ ਹੈ ?
**(3)** ਕਿਰਪਾ ਕਰਿ ਕੇ ਬਖ਼ਸ਼ਿ ਲੈਹੁ ਵਿੱਚ ਪਰਮਾਤਮਾ ਅੱਗੇ ਗੁਰੂ ਜੀ ਦੀ ਕੀ ਅਰਦਾਸ ਹੈ ?

**(ਸ) ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਉੱਤਰ (50 ਤੋ 60) ਸ਼ਬਦਾਂ ਵਿੱਚ ਲਿਖੋ ।** **(21/2x2=5)**

**(1)** ਸੋ ਕਿਉ ਮੰਦਾ ਅਖੀਐ ਸ਼ਲੋਕ ਦਾ ਸਾਰ ਲਿਖੋ ।
**(2)** ਘਰ ਦਾ ਪਿਆਰ ਲੇਖ ਦਾ ਵਿਸ਼ਾ ਲਿਖੋ ।
**(3)** ਕੁਲਫ਼ੀ ਕਹਾਣੀ ਦਾ ਵਿਸ਼ਾ ਕੀ ਹੈ ?